# ਨਹੀਓਂ ਮੂਲ ਪਿਆ

ਊਧਮ ਦੀ ਕੁਰਬਾਨੀ ਦਾ
ਨਹੀਓਂ ਮੂਲ ਪਿਆ
ਊਧਮ ਦੇ ਬਲੀਦਾਨ ਨੂੰ
ਦੇਸ਼ ਭੁੱਲ ਗਿਆ

ਉਸਦੀ ਯਾਦਗਾਰ ਨੂੰ
ਥਾਂ ਹੀ ਨਹੀਂ ਮਿਲੀ
ਜਾਂ ਫਿਰ ਸਮਝੋ ਪੁੱਤਰ ਨੂੰ
ਮਾਂ ਹੀ ਨਹੀਂ ਮਿਲੀ

ਛੰਡੇ ਓਹਦੀਆਂ ਸਿਫਤਾਂ ਦੇ
ਝੂਲਦੇ ਪਾਏ ਨੇ
ਬੇਸ਼ੱਕ ਅਸਥੀ ਕਲਸ਼ ਓਹਦੇ
ਰੁਲਦੇ ਪਏ ਨੇ

ਲੰਦਨ ਵਿਚ ਪਿਸਤੋਲ ਪਈ ਹੈ
ਮਾਲ ਖਾਨੇ ਚ
ਨਾਲੇ ਉਸਦੀ ਡਾਇਰੀ ਵੀ ਹੈ
ਮਾਲ ਖਾਨੇ ਚ
ਓਸੇ ਹੀ ਸਮਾਨ ਵਿਚ
ਚਾਕੂ ਉਸਦਾ
ਕੋਲੇ ਪਿਆ ਅਸਲਾ

ਲੜਾਕੂ ਉਸਦਾ

ਦੇਣਾ ਨਹੀਂ ਸਾਮਾਨ
ਆਖੇ ਬਰਤਾਨੀਆ
ਨਵੀਆਂ ਸੁਣਾਵੇ
ਨਿਤ ਹੀ ਕਹਾਣੀਆਂ
ਮੇਰੀ ਸਰਕਾਰ ਹੈ
ਲਾਚਾਰ ਵਿਖਦੀ
ਗੋਰੀ ਸਰਕਾਰ
ਹੋਸ਼ਿਆਰ ਵਿਖਦੀ

ਪੈਣਾਂ ਕੁਸ਼ ਜੁਗਤ
ਜੁਗਾੜ ਕਰਨਾ
ਭਾਵੇਂ ਦਿੱਲੀ ਵਿਚ ਲਾਉਣਾ
ਪਾਵੇ ਧਰਨਾ
ਤੇਰੀ ਕੁਰਬਾਨੀ ਦਾ ਹੈ
ਮੂਲ ਪਾਵਣਾ
ਲੋੜ ਪਈ ਤਾਂ ਉਧਮਾਂ
ਵਲੈਤ ਜਾਵਣਾ

ਊਧਮ ਦੀ ਕੁਰਬਾਨੀ ਦਾ
ਨਹੀਓਂ ਮੂਲ ਪਿਆ
ਊਧਮ ਦੇ ਬਲੀਦਾਨ ਨੂੰ
ਦੇਸ਼ ਭੁੱਲ ਗਿਆ